ਮਿੱਠੇ ਬੱਚੇ:- ਪੁੰਨਯ ਆਤਮਾ ਬਣਨਾ ਹੈ ਤਾ ਇੱਕ ਬਾਪ ਨੂੰ ਯਾਦ ਕਰੋ , ਯਾਦ ਨਾਲ ਹੀ ਖਾਦ ਨਿਕਲੇਗੀ , ਆਤਮਾ ਪਾਵਨ ਬਣੇਗੀ ”

ਪ੍ਰਸ਼ਨ:- ਕਿਹੜੀ ਸਮ੍ਰਿਤੀ ਰਹੇ ਤਾਂ ਕਦੀ ਵੀ ਕਿਸੇ ਗੱਲ ਵਿੱਚ ਮੁੰਝ ਨਹੀਂ ਸਕਦੇ ?

ਉੱਤਰ:- ਡਰਾਮੇ ਦੀ। ਬਣੀ ਬਣਾਈ ਬਣ ਰਹੀ, ਹੁਣ ਕੁੱਝ ਬਣਨੀ ਨਹੀਂ। .. ਇਹ ਅਨਾਦਿ ਡਰਾਮਾ ਚੱਲਦਾ ਹੀ ਰਹਿੰਦਾ ਹੈ ਇਸ ਵਿੱਚ ਕਿਸੇ ਗੱਲ ਵਿੱਚ ਮੂੰਝਣ ਦੀ ਲੋੜ ਨਹੀਂ। ਕਈ ਬੱਚੇ ਕਹਿੰਦੇ ਹਨ ਪਤਾ ਨਹੀਂ ਇਹ ਸਾਡਾ ਅੰਤਿਮ 84ਵਾਂ ਜਨਮ ਹੈ ਜਾਂ ਨਹੀਂ, ਮੂੰਝ ਜਾਂਦੇ ਹਨ। ਬਾਬਾ ਕਹਿੰਦੇ ਹਨ ਮੂੰਝੋ ਨਹੀਂ, ਮਨੁੱਖ ਤੋਂ ਦੇਵਤਾ ਬਣਨ ਦਾ ਪੁਰਸ਼ਾਰਥ ਕਰੋ।

ਓਮ ਸ਼ਾਂਤੀ। ਬੱਚਿਆਂ ਨੂੰ ਓਮ ਸ਼ਾਂਤੀ ਦੇ ਅਰਥ ਦਾ ਤਾਂ ਪਤਾ ਹੈ ਕਿ ਮੈਂ ਆਤਮਾ ਹਾਂ ਅਤੇ ਮੇਰਾ ਆਤਮਾ ਦਾ ਸਵਧਰਮ ਹੈ ਸ਼ਾਂਤੀ। ਮੈਂ ਆਤਮਾ ਸ਼ਾਂਤ ਸਵਰੂਪ, ਸ਼ਾਂਤੀਧਾਮ ਵਿੱਚ ਰਹਿਣ ਵਾਲੀ ਹਾਂ। ਇਹ ਲੈਸਨ ਪੱਕਾ ਕਰਦੇ ਜਾਓ। ਇਹ ਕੌਣ ਸਮਝਾਉਂਦੇ ਹਨ? ਸ਼ਿਵਬਾਬਾ। ਯਾਦ ਵੀ ਕਰਨਾ ਹੈ ਸ਼ਿਵਬਾਬਾ ਨੂੰ। ਉਨ੍ਹਾਂ ਨੂੰ ਆਪਣਾ ਰੱਥ ਨਹੀਂ ਹੈ ਇਸਲਈ ਉਨ੍ਹਾਂ ਨੂੰ ਬੈਲ ਦੇ ਦਿੰਦੇ ਹਨ। ਮੰਦਿਰ ਵਿੱਚ ਵੀ ਬੈਲ ਰੱਖ ਦਿੱਤਾ ਹੈ। ਇਸ ਨੂੰ ਕਿਹਾ ਜਾਂਦਾ ਹੈ ਪੂਰਾ ਅਗਿਆਨ। ਬਾਪ ਸਮਝਾਉਂਦੇ ਹਨ ਬੱਚਿਆਂ ਨੂੰ ਮਤਲਬ ਰੂਹਾਂ ਨੂੰ। ਇਹ ਹੈ ਰੂਹਾਂ ਦਾ ਬਾਪ ਸ਼ਿਵ, ਇਨ੍ਹਾਂ ਵਿੱਚ ਨਾਮ ਤੇ ਬਹੁਤ ਹੈ। ਪਰ ਬਹੁਤੇ ਨਾਮ ਨਾਲ ਮੂੰਝ ਗਏ ਹਨ। ਅਸਲ ਵਿੱਚ ਇਨ੍ਹਾਂ ਦਾ ਨਾਮ ਹੈ ਸ਼ਿਵ। ਸ਼ਿਵ ਜਯੰਤੀ ਵੀ ਭਾਰਤ ਵਿੱਚ ਹੀ ਮਨਾਈ ਜਾਂਦੀ ਹੈ। ਉਹ ਨਿਰਾਕਾਰ ਬਾਬਾ ਹੈ, ਆਕੇ ਪਤਿਤਾਂ ਨੂੰ ਪਾਵਨ ਬਣਾਉਂਦੇ ਹਨ, ਬਾਪ ਹੀ ਆਕੇ ਦੱਸਦੇ ਹਨ ਕਿ ਮੈਂ ਕਿਹੜੇ ਭਾਗਿਆਸ਼ਾਲੀ ਰੱਥ ਵਿੱਚ ਆਉਂਦਾ ਹਾਂ। ਮੈਂ ਬ੍ਰਹਮਾ ਦੇ ਤਨ ਵਿੱਚ ਪ੍ਰਵੇਸ਼ ਕਰਦਾ ਹਾਂ। ਬ੍ਰਹਮਾ ਦੇ ਦੁਆਰਾ ਭਾਰਤ ਨੂੰ ਸਵਰਗ ਬਣਾਉਦਾ ਹਾਂ। ਤੁਸੀਂ ਸਭ ਭਾਰਤਵਾਸੀ ਜਾਣਦੇ ਹੋ ਨਾ ਕਿ ਲਕਸ਼ਮੀ - ਨਾਰਾਇਣ ਦਾ ਰਾਜ ਸੀ। ਤੁਸੀਂ ਸਭ ਭਾਰਤਵਾਸੀ ਬੱਚੇ ਆਦਿ ਸਨਾਤਨ ਦੇਵੀ - ਦੇਵਤਾ ਧਰਮ ਵਾਲੇ ਸੀ। ਸਵਰਗਵਾਸੀ ਸੀ। 5 ਹਜ਼ਾਰ ਵਰ੍ਹੇ ਪਹਿਲੇ ਜਦੋਂ ਮੈਂ ਆਇਆ ਸੀ ਤਾਂ ਸਾਰਿਆਂ ਨੂੰ ਸਤੋਪ੍ਰਧਾਨ ਸਵਰਗ ਦਾ ਮਾਲਿਕ ਬਣਾਇਆ ਸੀ। ਫਿਰ ਪੁਨਰਜਨਮ ਜਰੂਰ ਲੈਣਾ ਪਵੇ। ਬਾਪ ਕਿੰਨਾ ਸਿੱਧਾ ਦਸੱਦੇ ਹਨ। ਹੁਣ ਜਯੰਤੀ ਮਨਾਉਂਦੇ ਹੋ, ( ਇਸ 2021 ਵਿੱਚ ਲਿਖੋਗੇ 85 ਵੀ ਸ਼ਿਵਜਯੰਤੀ) ਬਾਬਾ ਦੀ ਪਦਰਾਮਨੀ ਹੋਏ ਹਾਲੇ 85 ਵਰ੍ਹੇ ਹੋਏ ਹਨ। ਫਿਰ ਨਾਲ - ਨਾਲ ਵਿਸ਼ਨੂੰ ਸ਼ੰਕਰ ਦੀ ਵੀ ਪਦਰਾਮਣੀ ਹੈ। ਤ੍ਰਿਮੂਤੀ ਬ੍ਰਹਮਾ ਦੀ ਜਯੰਤੀ ਕੋਈ ਵਿਖਾਉਂਦੇ ਨਹੀਂ ਹਨ, ਵਿਖਾਉਣਾ ਜਰੂਰੀ ਹੈ ਕਿਉਂਕਿ ਬਾਬਾ ਕਹਿੰਦਾ ਹੈ ਮੈਂ ਬ੍ਰਹਮਾ ਦੁਆਰਾ ਸਥਾਪਨਾ ਫਿਰ ਤੋਂ ਕਰਦਾ ਹਾਂ। ਬ੍ਰਾਹਮਣ ਬਣਾਉਂਦਾ ਜਾਂਦਾ ਹਾਂ। ਤਾਂ ਬ੍ਰਹਮਾ ਅਤੇ ਬ੍ਰਾਹਮਣ ਵੰਸ਼ੀਆ ਦਾ ਵੀ ਜਨਮ ਹੋਇਆ। ਫਿਰ ਵਿਖਾਉਦਾ ਹਾਂ ਕਿ ਤੁਸੀਂ ਸੋ ਵਿਸ਼ਨੂਪੁਰੀ ਦੇ ਮਾਲਿਕ ਬਣੋਗੇ। ਬਾਪ ਦੀ ਯਾਦ ਨਾਲ ਹੀ ਤੁਹਾਡੀ ਖਾਦ ਨਿਕਲੇਗੀ। ਭਾਵੇਂ ਭਾਰਤ ਦਾ ਪ੍ਰਾਚੀਨ ਯੋਗ ਮਸ਼ਹੂਰ ਹੈ ਪਰ ਉਹ ਕਿਸਨੇ ਸਿਖਾਇਆ ਸੀ, ਇਹ ਕੋਈ ਨਹੀ ਜਾਣਦੇ। ਖੁਦ ਕਹਿੰਦੇ ਹਨ ਹੇ ਬੱਚਿਓ ਤੁਸੀਂ ਆਪਣੇ ਬਾਪ ਨੂੰ ਯਾਦ ਕਰੋ। ਵਰਸਾ ਤੁਹਾਨੂੰ ਮੇਰੇ ਕੋਲੋਂ ਮਿਲਦਾ ਹੈ। ਮੈਂ ਤੁਹਾਡਾ ਬਾਪ ਹਾਂ। ਮੈਂ ਕਲਪ - ਕਲਪ ਆਉਂਦਾ ਹਾਂ, ਆਕੇ ਤੁਹਾਨੂੰ ਮਨੁੱਖ ਤੋਂ ਦੇਵਤਾ ਬਣਾਉਦਾ ਹਾਂ, ਕਿਉਂਕਿ ਤੁਸੀਂ ਦੇਵੀ - ਦੇਵਤਾ ਸੀ ਫਿਰ 84 ਜਨਮ ਲੈਂਦੇ - ਲੈਂਦੇ ਆਕੇ ਪਤਿਤ ਬਣੇ ਹੋ। ਰਾਵਣ ਦੀ ਮਤ ਤੇ ਚੱਲ ਰਹੇ ਹੋ। ਈਸ਼ਵਰੀਏ ਮਤ ਨਾਲ ਤੁਸੀਂ ਸਵਰਗ ਦੇ ਮਾਲਿਕ ਬਣਦੇ ਹੋ।

ਬਾਪ ਕਹਿੰਦੇ ਹਨ ਮੈਂ ਕਲਪ ਪਹਿਲਾਂ ਵੀ ਆਇਆ ਸੀ। ਜੋ ਕੁੱਝ ਬੀਤ ਜਾਂਦਾ ਹੈ, ਉਹ ਕਲਪ - ਕਲਪ ਹੁੰਦਾ ਹੀ ਰਹੇਗਾ। ਬਾਪ ਫਿਰ ਵੀ ਆਕੇ ਇਨ੍ਹਾਂ ਵਿੱਚ ਪ੍ਰਵੇਸ਼ ਕਰਨਗੇ, ਇਸ ਦਾਦਾ ਨੂੰ ਛੁਡਾਉਣਗੇ। ਫਿਰ ਇਨ੍ਹਾਂ ਸਭ ਦੀ ਪਰਵਰਿਸ਼ ਕਰਵਾਉਣਗੇ। ਤੁਸੀਂ ਜਾਣਦੇ ਹੋ ਕਿ ਅਸੀਂ ਹੀ ਸਤਿਯੁਗ ਵਿੱਚ ਸੀ। ਸਾਨੂੰ ਭਾਰਤਵਾਸੀਆਂ ਨੂੰ ਹੀ 84 ਜਨਮ ਲੈਣੇ ਪਏ। ਪਹਿਲੇ - ਪਹਿਲੇ ਤੁਸੀਂ ਸਰਵ ਗੁਣ ਸੰਪੰਨ 16 ਕਲਾ ਸੰਪੂਰਨ ਸੀ। ਯਥਾ ਰਾਜਾ ਰਾਣੀ ਤਥਾ ਪ੍ਰਜਾ ਨੰਬਰਵਾਰ। ਸਾਰੇ ਤਾਂ ਰਾਜੇ ਨਹੀਂ ਬਣ ਸਕਦੇ। ਤਾਂ ਬਾਪ ਸਮਝਾਉਂਦੇ ਹਨ ਸਤਿਯੁਗ ਵਿੱਚ ਤੁਹਾਡੇ 8 ਜਨਮ, ਤ੍ਰੇਤਾ ਵਿੱਚ 12 ਜਨਮ ... ਇੰਝ ਹੀ ਆਪਣੇ ਨੂੰ ਸਮਝੋ ਕਿ ਅਸੀਂ ਪਾਰ੍ਹ ਵਜਾਇਆ ਹੈ। ਪਹਿਲਾ ਸੂਰਜਵੰਸ਼ੀ ਰਾਜਧਾਨੀ ਵਿੱਚ ਪਾਰ੍ਹ ਵਜਾਇਆ ਫਿਰ ਚੰਦਰਵੰਸ਼ੀ ਵਿੱਚ ਫਿਰ ਥੱਲੇ ਉਤਰਦੇ ਵਾਮ ਮਾਰਗ ਵਿੱਚ ਆਏ। ਫਿਰ ਅਸੀਂ 63 ਜਨਮ ਲਏ। ਭਾਰਤਵਾਸਿਆਂ ਨੇ ਹੀ 84 ਜਨਮ ਲਏ ਹਨ ਹੋਰ ਕੋਈ ਧਰਮ ਵਾਲੇ ਇਤਨੇ ਜਨਮ ਨਹੀਂ ਲੈਂਦੇ ਹਨ। ਗੁਰੂਨਾਨਕ ਨੂੰ 5000 ਵਰ੍ਹੇ ਹੋਏ, ਕਰੀਬ ਉਨ੍ਹਾਂ ਦੇ 12 - 14 ਜਨਮ ਹੋਣਗੇ। ਇਹ ਹਿਸਾਬ ਕੱਢਿਆ ਜਾਂਦਾ ਹੈ। ਕ੍ਰਿਸ਼ਚਨਾ ਨੇ 2 ਹਜ਼ਾਰ ਵਰ੍ਹਿਆਂ ਵਿੱਚ 60 ਪੁਨਰਜਨਮ ਲਏ ਹੋਣਗੇ, ਵ੍ਰਿਧੀ ਹੋ ਜਾਂਦੀ ਹੈ। ਪੁਨਰਜਨਮ ਲੈਂਦੇ ਜਾਂਦੇ ਹਨ। ਬੁੱਧੀ ਵਿੱਚ ਇਹ ਵਿਚਾਰ ਕਰੋ ਕਿ ਅਸੀਂ ਹੀ 84 ਜਨਮ ਭੋਗੇ ਹਨ, ਫਿਰ ਸਤੋਪ੍ਰਧਾਨ ਬਣਨਾ ਹੈ। ਜੋ ਕੁੱਝ ਪਾਸ ਹੋਇਆ ਡਰਾਮਾ। ਜਿਹੜਾ ਡਰਾਮਾ ਬਣਿਆ ਹੋਇਆ ਹੈ ਉਹ ਫਿਰ ਤੋਂ ਰਪੀਟ ਹੋਵੇਗਾ। ਬੇਹੱਦ ਦੀ ਹਿਸਟ੍ਰੀ ਵਿੱਚ ਤੁਹਾਨੂੰ ਲੈ ਜਾਂਦੇ ਹਨ। ਤੁਸੀਂ ਪੁਨਰਜਨਮ ਲੈਂਦੇ ਆਏ ਹੋ। ਹੁਣ ਤੁਸੀਂ 84 ਜਨਮ ਪੂਰੇ ਕੀਤੇ ਹਨ। ਹੁਣ ਫਿਰ ਤੋਂ ਬਾਪ ਨੇ ਤੁਹਾਨੂੰ ਯਾਦ ਦਵਾਈ ਹੈ ਕਿ ਤੁਹਾਡਾ ਘਰ ਹੈ ਸ਼ਾਂਤੀਧਾਮ। ਆਤਮਾ ਦਾ ਰੂਪ ਕੀ ਹੈ? ਬਿੰਦੀ । ਉੱਥੇ ਜਿਵੇਂ ਬਿੰਦੀਆਂ ਦਾ ਝਾੜ ਹੈ। ਆਤਮਾਵਾਂ ਦਾ ਵੀ ਨੰਬਰਵਾਰ ਝਾੜ ਹੈ। ਨੰਬਰਵਾਰ ਥੱਲੇ ਆਉਣਾ ਹੁੰਦਾ ਹੈ। ਪਰਮਾਤਮਾ ਵੀ ਬਿੰਦੀ ਹੈ। ਇਵੇਂ ਕਿ ਇੰਨਾਂ ਵੱਡਾ ਲਿੰਗ ਹੈ। ਬਾਪ ਕਹਿੰਦੇ ਹਨ ਕਿ ਤੁਸੀਂ ਸਾਡੇ ਬੱਚੇ ਬਣਦੇ ਹੋ ਤਾਂ ਮੈਂ ਤੁਹਾਨੂੰ ਸਵਰਗ ਦਾ ਮਾਲਿਕ

ਬਣਾਉਂਦਾ ਹਾਂ, ਪਹਿਲਾ ਤੁਸੀਂ ਮੇਰੇ ਬਣੇ ਫਿਰ ਮੈਂ ਤੁਹਾਨੂੰ ਪੜ੍ਹਾਉਂਦਾ ਹੈ। ਕਹਿੰਦੇ ਹੋ ਬਾਬਾ ਅਸੀਂ ਤੁਹਾਡੇ ਹਾਂ। ਸਾਥ - ਸਾਥ ਪੜ੍ਹਣਾ ਵੀ ਹੈ। ਸਾਡੇ ਬਣੇ ਤਾਂ ਤੁਹਾਡੀ ਪੜ੍ਹਾਈ ਸ਼ੁਰੂ ਹੋ ਗਈ। ਬਾਬਾ ਕਹਿੰਦੇ ਹਨ ਇਹ ਤੁਹਾਡਾ ਅੰਤਿਮ ਜਨਮ ਹੈ, ਕਮਲ ਫੁੱਲ ਸਮਾਨ ਪਵਿੱਤਰ ਬਣੋ। ਬੱਚੇ ਵਾਧਾ ਕਰਦੇ ਹਨ ਬਾਬਾ ਤੁਹਾਡੇ ਕੋਲੋਂ ਵਰਸਾ ਲੈਣ ਲਈ ਅਸੀਂ ਕਦੀ ਵੀ ਪਤਿਤ ਨਹੀਂ ਬਣਾਂਗੇ। 63 ਜਨਮ ਤਾਂ ਪਤਿਤ ਬਣੇ ਹਾਂ। ਇਹ 84 ਦੀ ਕਹਾਣੀ ਹੈ। ਬਾਬਾ ਆਕੇ ਸਹਿਜ ਕਰ ਦੱਸਦੇ ਹਨ। ਜਿਵੇਂ ਲੋਕਿਕ ਬਾਪ ਦੱਸਦੇ ਹਨ ਨਾ। ਤਾਂ ਇਹ ਹੈ ਬੇਹੱਦ ਦਾ ਬਾਪ। ਉਹ ਆਕੇ ਰੂਹਾਂ ਨਾਲ ਬੱਚੇ - ਬੱਚੇ ਕਹਿ ਕੇ ਗੱਲ ਕਰਦੇ ਹਨ। ਸ਼ਿਵਰਾਤ੍ਰੀ ਵੀ ਮਨਾਉਂਦੇ ਹਨ ਨਾ। ਇਹ ਹੈ ਅੱਧਾਕਲਪ ਦਾ ਦਿਨ ਅਤੇ ਅੱਧਾ ਕਲਪ ਦੀ ਰਾਤ। ਹੁਣ ਹੈ ਰਾਤ ਦਾ ਅੰਤ ਅਤੇ ਦਿਨ ਦੇ ਆਦਿ ਦਾ ਸੰਗਮ। ਭਾਰਤ ਸਤਿਯੁਗ ਸੀ ਤਾਂ ਦਿਨ ਸੀ। ਸਤਿਯੁਗ ਤ੍ਰੇਤਾ ਨੂੰ ਬ੍ਰਹਮਾ ਦਾ ਦਿਨ ਕਿਹਾ ਜਾਂਦਾ ਹੈ। ਤੁਸੀਂ ਬ੍ਰਾਹਮਣ ਹੋ ਨਾ। ਤੁਸੀਂ ਬ੍ਰਾਹਮਣ ਜਾਣਦੇ ਹੋ ਕਿ ਸਾਡੀ ਹੁਣ ਰਾਤ ਹੈ। ਤਮੋਪ੍ਰਧਾਨ ਭਗਤੀ ਹੈ। ਦਰ - ਦਰ ਧੱਕੇ ਖਾਂਦੇ ਰਹਿੰਦੇ ਹਨ, ਸਭ ਦੀ ਪੂਜਾ ਕਰਦੇ ਹਨ। ਟਿਵਾਟੇ ਦੀ ਵੀ ਪੂਜਾ ਕਰਦੇ ਹਨ। ਮਨੁੱਖਾਂ ਦੇ ਸ਼ਰੀਰ ਦੀ ਵੀ ਪੂਜਾ ਕਰਦੇ ਹਨ। ਸੰਨਿਆਸੀ ਲੋਕ ਆਪਣੇ ਨੂੰ ਸ਼ਿਵੋਹਮ ਕਹਿ ਬੈਠ ਜਾਂਦੇ ਹਨ ਫਿਰ ਮਾਤਾਵਾਂ ਜਾਕੇ ਉਨ੍ਹਾਂ ਦੀ ਪੂਜਾ ਕਰਦੀਆਂ ਹਨ। ਬਾਬਾ ਬਹੁਤ ਅਨੁਭਵੀ ਹੈ। ਬਾਬਾ ਕਹਿੰਦੇ ਹਨ ਮੈਂ ਵੀ ਬਹੁਤ ਪੂਜਾ ਕੀਤੀ ਹੈ, ਪਰ ਉਸ ਸਮੇਂ ਤਾਂ ਗਿਆਨ ਤਾਂ ਸੀ ਨਹੀ। ਫ਼ਲ ਚੜ੍ਹਾਉਂਦੇ ਸਨ, ਲੋਟੀ ਚੜ੍ਹਾਉਂਦੇ ਸਨ ਮਨੁੱਖਾਂ ਤੇ। ਉਹ ਵੀ ਠੱਗੀ ਹੋਈ ਨਾ। ਪਰ ਇਹ ਸਭ ਫਿਰ ਵੀ ਹੋਵੇਗਾ। ਭਗਤਾਂ ਦਾ ਰਖਵਾਲਾ ਹੈ ਭਗਵਾਨ ਕਿਉਂਕਿ ਸਾਰੇ ਦੁਖੀ ਹਨ ਨਾ। ਬਾਪ ਸਮਝਾਉਂਦੇ ਹਨ ਕਿ ਦਵਾਪਰ ਤੋਂ ਲੈ ਕੇ ਤੁਸੀਂ ਗੁਰੂ ਕਰਦੇ ਆਏ ਹੋ ਅਤੇ ਭਗਤੀ ਵਿੱਚ ਉੱਤਰਦੇ ਆਏ ਹੋ। ਹੁਣ ਤੱਕ ਸਾਧੂ ਲੋਕ ਤਾਂ ਸਾਧਨਾ ਕਰਦੇ ਹਨ। ਬਾਪ ਕਹਿੰਦੇ ਹਨ ਉਨ੍ਹਾਂ ਦਾ ਵੀ ਮੈਂ ਉਦਾਰ ਕਰਦਾ ਹਾਂ। ਸੰਗਮ ਤੇ ਤੁਹਾਡੀ ਸਦਗਤੀ ਹੋ ਜਾਂਦੀ ਹੈ ਫਿਰ ਤੁਸੀਂ 84 ਜਨਮ ਲੈਂਦੇ ਹੋ। ਬਾਪ ਨੂੰ ਕਿਹਾ ਜਾਂਦਾ ਹੈ ਗਿਆਨ ਦਾ ਸਾਗਰ, ਮਨੁੱਖ ਸ੍ਰਿਸ਼ਟੀ ਦਾ ਬੀਜ਼ ਰੂਪ। ਸੱਤ ਚਿਤ ਅਨੰਦ ਸਵਰੂਪ ਹੈ। ਉਹ ਕਦੀ ਵਿਨਾਸ਼ ਨਹੀਂ ਹੁੰਦਾ, ਉਨ੍ਹਾਂ ਵਿੱਚ ਗਿਆਨ ਹੈ। ਉਹ ਗਿਆਨ ਦਾ ਸਾਗਰ, ਪਿਆਰ ਦਾ ਸਾਗਰ ਹੈ, ਜਰੂਰ ਉਨ੍ਹਾਂ ਕੋਲੋਂ ਵਰਸਾ ਮਿਲਣਾ ਚਾਹੀਦਾ ਹੈ। ਹੁਣ ਤੁਹਾਨੂੰ ਬੱਚਿਆਂ ਨੂੰ ਵਰਸਾ ਮਿਲ ਰਿਹਾ ਹੈ। ਸ਼ਿਵਬਾਬਾ ਹੈ ਨਾ। ਉਹ ਵੀ ਬਾਬਾ ਹੈ, ਇਹ ਵੀ ਤੁਹਾਡਾ ਬਾਪ ਹੈ ਫਿਰ ਸ਼ਿਵਬਾਬਾ ਬ੍ਰਹਮਾ ਦਵਾਰਾ ਤੁਹਾਨੂੰ ਪੜ੍ਹਾਉਂਦੇ ਹਨ ਇਸਲਈ ਪ੍ਰਜਾਪਿਤਾ ਬ੍ਰਹਮਾਕੁਮਾਰ ਕੁਮਾਰੀਆਂ ਕਿਹਾ ਜਾਂਦਾ ਹੈ। ਕਿੰਨੇ ਢੇਰ ਬੀ. ਕੇ ਹਨ। ਕਹਿੰਦੇ ਹਨ ਸਾਨੂੰ ਦਾਦੇ ਤੋਂ ਵਰਸਾ ਮਿਲਦਾ ਹੈ। ਬੱਚੇ ਕਹਿੰਦੇ ਹਨ ਬਾਬਾ ਸਾਨੂੰ ਨਰਕਵਾਸੀ ਤੋਂ ਸਵਰਗਵਾਸੀ ਬਣਾਉਂਦੇ ਹਨ। ਕਹਿੰਦੇ ਹਨ ਹੇ ਬੱਚੇ - ਮਾਮੇਕਮ ਯਾਦ ਕਰੋ ਤਾਂ ਤੁਹਾਡੇ ਸਿਰ ਤੇ ਜੋ ਪਾਪਾ ਦਾ ਬੋਝਾ ਹੈ ਉਹ ਭਸੱਮ ਹੋ ਜਾਏਗਾ। ਫਿਰ ਤੁਸੀਂ ਸਤੋਪ੍ਰਧਾਨ ਬਣ ਜਾਓਗੇ। ਤੁਸੀਂ ਸੱਚਾ ਸੋਨਾ, ਸੱਚਾ ਜੇਵਰ ਸੀ। ਆਤਮਾ ਅਤੇ ਸ਼ਰੀਰ ਦੋਵੇਂ ਸਤੋਪ੍ਰਧਾਨ ਸਨ। ਆਤਮਾ ਫਿਰ ਸਤੋ, ਰਜੋ, ਤਮੋ ਹੁੰਦੀ ਹੈ ਤਾਂ ਸ਼ਰੀਰ ਵੀ ਅਜਿਹਾ ਤਮੋਗੁਣੀ ਮਿਲਦਾ ਹੈ। ਬਾਪ ਤੁਹਾਨੂੰ ਰਾਏ ਦਿੰਦੇ ਹਨ ਕਿ ਬੱਚੇ ਮੈਨੂੰ ਯਾਦ ਕਰੋ। ਮੈਨੂੰ ਬੁਲਾਉਂਦੇ ਹੋ ਨਾ ਕਿ ਹੇ ਪਤਿਤ - ਪਾਵਨ ਆਓ। ਭਾਰਤ ਦਾ ਪ੍ਰਾਚੀਨ ਰਾਜ ਯੋਗ ਮਸ਼ਹੂਰ ਹੈ। ਉਹ ਹੁਣ ਤੁਹਾਨੂੰ ਸਿਖਾ ਰਿਹਾ ਹਾਂ ਕਿ ਮੇਰੇ ਨਾਲ ਯੋਗ ਰੱਖੋ ਤਾਂ ਤੁਹਾਡੀ ਖਾਦ ਸੜ੍ਹ ਜਾਏਗੀ। ਜਿਨ੍ਹਾਂ ਯਾਦ ਕਰੋਗੇ ਉਨ੍ਹੀ ਖਾਦ ਨਿਕਲਦੀ ਜਾਏਗੀ। ਯਾਦ ਦੀ ਮੁਖ ਗੱਲ ਹੈ। ਨਾਲੇਜ ਤਾਂ ਬਾਪ ਨੇ ਦਿੱਤੀ ਹੈ - ਸਤਿਯੁਗ ਵਿੱਚ ਯਥਾ ਰਾਜਾ ਰਾਣੀ ਅਤੇ ਪ੍ਰਜਾ ਸਭ ਪਵਿੱਤਰ ਸੀ, ਹੁਣ ਸਭ ਪਤਿਤ ਹਨ। ਬਾਪ ਕਹਿੰਦੇ ਹਨ ਇਨ੍ਹਾਂ ਦੇ ਬਹੁਤ ਜਨਮਾਂ ਦੇ ਅੰਤ ਦੇ ਜਨਮ ਵਿੱਚ ਮੈਂ ਪ੍ਰਵੇਸ਼ ਕਰਦਾ ਹਾਂ। ਇਸ ਨੂੰ ਕਿਹਾ ਜਾਂਦਾ ਹੈ ਭਾਗਿਆਸ਼ਾਲੀ ਰੱਥ। ਇਹ ਪੜ੍ਹ ਕੇ ਫਿਰ ਪਹਿਲੇ ਨੰਬਰ ਵਿੱਚ ਆ ਜਾਂਦੇ ਹਨ। ਨੰਬਰਵਾਰ ਤੇ ਬਣਦੇ ਹਨ ਨਾ। ਮੁੱਖ ਇੱਕ ਨਾਮ ਹੁੰਦਾ ਹੈ। ਬਾਪ ਨੇ ਬੱਚਿਆਂ ਨੂੰ 84 ਜਨਮਾਂ ਦਾ ਰਾਜ਼ ਚੰਗੀ ਰੀਤੀ ਸਮਝਾਇਆ ਹੈ। ਤੁਸੀਂ ਆਦਿ ਸਨਾਤਨ ਦੇਵੀ ਦੇਵਤਾ ਧਰਮ ਦੇ ਹੋ, ਨਾ ਕਿ ਹਿੰਦੂ ਧਰਮ ਦੇ। ਤੁਸੀਂ ਕਰਮ ਸ੍ਰੇਸ਼ਠ, ਧਰਮ ਸ੍ਰੇਸ਼ਠ ਸੀ। ਫਿਰ ਰਾਵਣ ਦੇ ਪ੍ਰਵੇਸ਼ ਹੋਣ ਨਾਲ ਧਰਮ ਕਰਮ ਭ੍ਰਸ਼ਟ ਹੋ ਗਏ ਹੋ। ਆਪਣੇ ਨੂੰ ਦੇਵੀ ਦੇਵਤਾ ਕਹਾਉਣ ਵਿੱਚ ਸ਼ਰਮ ਆਉਂਦੀ ਹੈ ਇਸ ਲਈ ਹਿੰਦੂ ਨਾਮ ਰੱਖ ਦਿੱਤਾ ਹੈ। ਵਾਸਤਵ ਵਿੱਚ ਤੁਸੀਂ ਆਦਿ ਸਨਾਤਨ ਦੇਵੀ ਦੇਵਤਾ ਧਰਮ ਦੇ ਸੀ। ਤੁਸੀਂ 84 ਜਨਮ ਲਏ ਹਨ ਫਿਰ ਪਤਿਤ ਬਣ ਗਏ ਹੋ। 84 ਦਾ ਚੱਕਰ ਭਾਰਤਵਾਸਿਆਂ ਦੇ ਲਈ ਹੈ। ਵਾਪਿਸ ਤਾਂ ਸਭ ਨੂੰ ਜਾਣਾ ਹੈ। ਪਹਿਲਾ ਤੁਸੀਂ ਜਾਓਗੇ। ਜਿਸ ਤਰ੍ਹਾਂ ਬਰਾਤ ਜਾਂਦੀ ਹੈ ਨਾ। ਸ਼ਿਵਬਾਬਾ ਨੂੰ ਸਾਜਨ ਵੀ ਕਹਿੰਦੇ ਹਨ। ਤੁਸੀਂ ਸਜਨੀਆਂ ਇਸ ਸਮੇਂ ਛੀ - ਛੀ ਤਮੋਪ੍ਰਧਾਨ ਹੋ, ਉਨ੍ਹਾਂ ਨੂੰ ਗੁਲ - ਗੁਲ ਬਣਾ ਕੇ ਲੈ ਜਾਣਗੇ। ਆਤਮਾਵਾਂ ਨੂੰ ਪਾਵਨ ਬਣਾ ਕੇ ਲੈ ਜਾਣਗੇ। ਇਸ ਨੂੰ ਲਿਬ੍ਰੇਟਰ, ਗਾਈਡ ਕਿਹਾ ਗਿਆ ਹੈ। ਬੇਹੱਦ ਦਾ ਬਾਪ ਲੈ ਜਾਂਦਾ ਹੈ। ਉਨ੍ਹਾਂ ਦਾ ਨਾਮ ਕੀ ਹੈ? ਸ਼ਿਵਬਾਬਾ। ਨਾਮ ਸ਼ਰੀਰ ਤੇ ਪੈਂਦਾ ਹੈ ਪਰ ਪ੍ਰਮਾਤਮ ਦਾ ਸ਼ਿਵ ਹੀ ਨਾਮ ਹੈ। ਬ੍ਰਹਮਾ, ਵਿਸ਼ਨੂੰ ਸ਼ੰਕਰ ਦਾ ਤੇ ਸੂਕ੍ਸ਼੍ਮ ਸ਼ਰੀਰ ਹੈ। ਸ਼ਿਵਬਾਬਾ ਦਾ ਤੇ ਕੋਈ ਸ਼ਰੀਰ ਨਹੀਂ ਹੈ। ਉਨ੍ਹਾਂ ਨੂੰ ਸ਼ਿਵਬਾਬਾ ਹੀ ਕਹਿੰਦੇ ਹਨ। ਬੱਚੇ ਕਹਿੰਦੇ ਹਨ, ਹੇ ਮਾਤ - ਪਿਤਾ ਅਸੀਂ ਤੁਹਾਡੇ ਬਾਲਕ ਬਣੇ ਹਾਂ। ਦੂਸਰਿਆਂ ਨੂੰ ਪੁਕਾਰਦੇ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਹੈ। ਜੇਕਰ ਸਭ ਨੂੰ ਪਤਾ ਲੱਗ ਜਾਵੇ ਤਾਂ ਪਤਾ ਨਹੀਂ ਕੀ ਹੋ ਜਾਵੇ। ਦੈਵੀ ਝਾੜ ਦਾ ਹੁਣ ਸੈਪਲਿੰਗ ਲੱਗਦਾ ਹੈ। ਹੀਰੇ ਤੋਂ ਕੌਡੀ ਬਣਨ ਵਿੱਚ 84 ਜਨਮ ਲਗਦੇ ਹਨ। ਫਿਰ ਤੋਂ ਨਵੇਂ ਸਿਰੋਂ ਤੋਂ ਸ਼ੁਰੂ ਹੋਵੇਗਾ। ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਰਪੀਟ ਹੋਵੇਗੀ। ਬਾਪ ਸਮਝਾਉਂਦੇ ਹਨ ਕਿ ਤੁਸੀਂ ਪੂਰੇ 84 ਜਨਮ ਲੀਤੇ ਹਨ। 84 ਲੱਖ ਤੇ ਹੋ ਨਾ ਸਕਣ। ਇਹ ਬੜੀ ਵੱਡੀ ਭੁੱਲ ਹੈ। 84 ਲੱਖ ਜਨਮ ਸਮਝਣ ਦੇ ਕਾਰਨ ਕਲਪ ਦੀ ਉਮਰ ਲੱਖਾਂ ਵਰ੍ਹੇ ਕਹਿ ਦਿੱਤੀ ਹੈ। ਇਹ ਹੈ ਬਿਲਕੁਲ ਝੂਠ। ਭਾਰਤ ਹੁਣ ਝੂਠ ਖੰਡ ਹੈ, ਸੱਚ ਖੰਡ ਵਿੱਚ ਤੁਸੀਂ ਸਦਾ ਸੁਖੀ ਸੀ। ਇਸ ਸਮੇਂ ਤੁਸੀਂ 21 ਜਨਮ ਦਾ ਵਰਸਾ ਲੈਂਦੇ ਹੋ। ਸਾਰਾ ਤੁਹਾਡੇ ਪੁਰਸ਼ਾਰਥ ਤੇ ਹੈ। ਰਾਜਧਾਨੀ ਵਿੱਚ ਜੋ ਚਾਹੋ ਉਹ ਪਦਵੀ ਪਾ ਲਵੋ, ਇਸ ਵਿੱਚ ਜਾਦੂ ਆਦਿ ਦੀ ਕੋਈ ਗੱਲ ਨਹੀਂ ਹੈ। ਹਾਂ ਮਨੁੱਖ ਤੋਂ ਦੇਵਤਾ ਜਰੂਰ ਬਣਦੇ ਹਨ। ਇਹ ਤਾਂ ਚੰਗਾ ਜਾਦੂ ਹੈ ਨਾ! ਤੁਸੀਂ ਸੈਕਿੰਡ ਵਿੱਚ ਜਾਣ ਲੈਂਦੇ ਹੋ ਕਿ ਅਸੀਂ ਬਾਬਾ ਦੇ ਬੱਚੇ ਬਣੇ ਹਾਂ। ਕਲਪ - ਕਲਪ ਬਾਬਾ ਸਾਨੂੰ ਸਵਰਗ ਦਾ ਮਾਲਿਕ ਬਣਾਉਂਦੇ ਹਨ। ਅੱਧਾ ਕਲਪ ਭਟਕਦੇ ਆਏ ਹੋ, ਸਵਰਗਵਾਸੀ ਤੇ ਕੋਈ ਹੋਇਆ ਨਹੀਂ। ਬਾਪ ਆਕੇ ਤੁਹਾਨੂੰ ਬੱਚਿਆਂ ਨੂੰ ਲਾਇਕ ਬਣਾਉਂਦੇ ਹਨ। ਬਰੋਬਰ ਇੱਥੇ ਮਹਾਭਾਰਤ ਲੜਾਈ ਲੱਗੀ ਸੀ ਅਤੇ ਰਾਜਯੋਗ ਸਿਖਾਇਆ ਸੀ। ਸ਼ਿਵਬਾਬਾ

ਕਹਿੰਦੇ ਹਨ ਮੈਂ ਹੀ ਤੁਹਾਨੂੰ ਆਕੇ ਸਿਖਾਉਂਦਾ ਹਾਂ, ਨਾ ਕਿ ਕ੍ਰਾਇਸਟ। ਹੁਣ ਤੁਹਾਡਾ ਬਹੁਤ ਜਨਮਾਂ ਦੇ ਅੰਤ ਦਾ ਜਨਮ ਹੈ, ਮੂੰਝੋ ਨਹੀਂ। ਤੁਸੀਂ ਭਾਰਤਵਾਸੀ ਹੋ। ਤੁਹਾਡਾ ਧਰਮ ਬਹੁਤ ਸੁਖ ਦੇਣ ਵਾਲਾ ਹੈ ਅਤੇ ਹੋਰ ਧਰਮ ਵਾਲੇ ਤਾ ਬੈਕੁੰਠ ਵਿੱਚ ਆ ਨਹੀਂ ਸਕਦੇ। ਇਹ ਵੀ ਡਰਾਮਾ ਅਨਾਦਿ ਚਲਦਾ ਰਹਿੰਦਾ ਹੈ। ਕਦੋ ਬਣਿਆ, ਇਹ ਕਹਿ ਨਹੀਂ ਸਕਦੇ। ਇਸ ਦਾ ਨੋ ਐਂਡ। ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਰਿਪਿਟ ਹੁੰਦੀ ਹੈ। ਇਹ ਹੈ ਸੰਗਮਯੁਗ, ਛੋਟਾ ਯੁੱਗ। ਚੋਟੀ ਹੈ ਬ੍ਰਾਹਮਣਾ ਦੀ। ਬਾਪ ਤੁਹਾਨੂੰ ਬ੍ਰਾਹਮਣਾ ਨੂੰ ਦੇਵਤਾ ਬਣਾ ਰਹੇ ਹਨ। ਤਾਂ ਬ੍ਰਹਮਾ ਦੇ ਬੱਚੇ ਜਰੂਰ ਬਣਨਾ ਪਵੇ। ਤੁਹਾਨੂੰ ਵਰਸਾ ਮਿਲਦਾ ਹੈ ਡਾਡੇ ਤੋਂ। ਜਦੋਂ ਤੱਕ ਆਪਣੇ ਨੂੰ ਬੀ. ਕੇ ਨਾ ਸਮਝਣ ਤੱਦ ਤੱਕ ਵਰਸਾ ਕਿਵੇਂ ਮਿਲੇ। ਫਿਰ ਵੀ ਕੁੱਝ ਨਾ ਕੁੱਝ ਗਿਆਨ ਸੁਣਦੇ ਹਨ ਤਾਂ ਸਧਾਰਨ ਪ੍ਰਜਾ ਵਿੱਚ ਆ ਜਾਣਗੇ। ਆਉਣਾ ਤਾ ਜਰੂਰ ਹੈ। ਸ਼ਿਵਬਾਬਾ ਬ੍ਰਹਮਾ ਦੁਆਰਾ ਬ੍ਰਾਹਮਣ, ਦੇਵਤਾ, ਸ਼ਤ੍ਰੀਯ ਧਰਮ ਦੀ ਸਥਾਪਨਾ ਕਰਦੇ ਹਨ। ਸਿਵਾਏ ਗੀਤਾ ਦੇ ਕੋਈ ਹੋਰ ਦੂਸਰਾ ਸ਼ਾਸਤਰ ਹੈ ਨਹੀਂ। ਗੀਤਾ ਹੈ ਹੀ ਸਰਵੋਤਮ ਦੈਵੀ ਧਰਮ ਦਾ ਸ਼ਾਸ਼ਤਰ ਜਿਸ ਵਿੱਚ 3 ਧਰਮ ਸਥਾਪਨ ਹੁੰਦੇ ਹਨ। ਬ੍ਰਾਹਮਣ ਵੀ ਇੱਥੇ ਬਣਨਾ ਹੈ। ਦੇਵਤਾ ਵੀ ਇੱਥੇ ਹੀ ਬਣੋਗੇ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਹਰ ਇੱਕ ਦੇ ਨਿਸ਼ਚਿਤ ਪਾਰ੍ਹ ਨੂੰ ਜਾਣ ਕੇ ਸਦਾ ਨਿਸ਼ਚਿੰਤ ਰਹਿਣਾ ਹੈ। ਬਣੀ ਬਣਾਈ ਬਣ ਰਹੀ ...ਡਰਾਮਾ ਤੇ ਅਡੋਲ ਰਹਿਣਾ ਹੈ।

**2.** ਇਸ ਛੋਟੇ ਜਿਹੇ ਸੰਗਮਯੁਗ ਤੇ ਬਾਪ ਤੋਂ ਪੂਰਾ ਵਰਸਾ ਲੈਣਾ ਹੈ। ਯਾਦ ਦੇ ਬੱਲ ਨਾਲ ਖਾਦ ਨਿਕਾਲ ਖੁਦ ਨੂੰ ਕੌੜੀ ਤੋਂ ਹੀਰੇ ਵਰਗਾ ਬਣਉਂਨਾ ਹੈ। ਮਿੱਠੇ ਝਾੜ ਦੇ ਸੈਪਲਿੰਗ ਵਿੱਚ ਚੱਲਣ ਦੇ ਲਾਇਕ ਬਣਨਾ ਹੈ।

ਵਰਦਾਨ:- ਇੱਕ ਬਾਪ ਦੀ ਯਾਦ ਵਿੱਚ ਸਦਾ ਮਗਨ ਰਹਿ ਇਕਰਸ ਅਵਸਥਾ ਬਣਾਉਣ ਵਾਲੇ ਸਾਕਸ਼ੀ ਦ੍ਰਿਸ਼ਟਾ ਭਵ।
ਹੁਣ ਅਜਿਹੇ ਪੇਪਰ ਆਉਣੇ ਹਨ ਜੋ ਸੰਕਲਪ, ਸੁਪਨੇ ਵਿਚ ਵੀ ਨਹੀਂ ਹੋਣਗੇ। ਪ੍ਰੰਤੂ ਤੁਹਾਡੀ ਪ੍ਰੈਕਟਿਸ ਅਜਿਹੀ ਹੋਣੀ ਚਾਹੀਦੀ ਹੈ ਜਿਵੇਂ ਹੱਦ ਦਾ ਡਰਾਮਾ ਸਾਕਸ਼ੀ ਹੋਕੇ ਵੇਖਿਆ ਜਾਂਦਾ ਹੈ ਫਿਰ ਭਾਵੇਂ ਦਰਦਨਾਕ ਹੋਵੇ ਜਾਂ ਹੱਸੀ ਵਾਲਾ ਹੋਵੇ, ਫਰਕ ਨਹੀਂ ਹੁੰਦਾ। ਇਵੇਂ ਭਾਵੇਂ ਰਮਣੀਕ ਪਾਰਟ ਹੋਵੇ, ਭਾਵੇਂ ਸਨੇਹੀ ਆਤਮਾ ਦਾ ਗੰਭੀਰ ਪਾਰਟ ਜਿਵੇਂ... ਹਰ ਪਾਰਟ ਸਾਕਸ਼ੀ ਦ੍ਰਸ਼ਟਾ ਹੋਕੇ ਵੇਖੋ, ਇੱਕਰਾ ਅਵਸਥਾ ਹੋਵੇ। ਪ੍ਰੰਤੂ ਅਜਿਹੀ ਅਵਸਥਾ ਉਦੋਂ ਹੋਵੇਗੀ ਜਦੋਂ ਸਦਾ ਇੱਕ ਬਾਪ ਦੀ ਯਾਦ ਵਿੱਚ ਮਗਨ ਹੋਵੋਗੇ।

ਸਲੋਗਨ:- ਦ੍ਰਿੜ ਨਿਸ਼ਚੇ ਨਾਲ ਆਪਣੇ ਭਾਗ ਨੂੰ ਨਿਸ਼ਚਿਤ ਕਰ ਦਵੋ ਤਾਂ ਸਦਾ ਨਿਸ਼ਚਿੰਤ ਰਹੋਗੇ।

******

ਇਹ ਅਵਿਅਕਤ ਇਸ਼ਾਰੇ - "ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਕਰ ਸਦਾ ਨਿਰਭੈ ਅਤੇ ਨਿਸ਼ਚਿੰਤ ਰਹੋ"

ਕਰਮ ਕਰਨ ਤੋਂ ਪਹਿਲਾਂ ਇਹ ਨਿਸ਼ਚੇ ਰੱਖੋ ਕਿ ਵਿਜੇ ਤੇ ਸਾਡੀ ਹੋਈ ਪਈ ਹੈ। ਅਨੇਕ ਕਲਪ ਵਿਜੇਈ ਬਣੇ ਹਾਂ। ਜਦ ਅਨੇਕ ਕਲਪ, ਅਨੇਕ ਵਾਰੀ ਵਿਜੇਈ ਬਣ ਵਿਜੇ ਮਾਲਾ ਵਿਚ ਪਿਰੋਨੇ ਵਾਲੇ, ਪੂਜਨ ਹੋਣ ਵਾਲੇ ਬਣੇ ਹਾਂ ਤਾਂ ਹੁਣ ਉਹ ਹੀ ਰਪੀਟ ਕਰਨਾ ਹੈ। ਬਣਿਆ ਹੋਇਆ ਕਰਮ ਦੁਬਾਰਾ ਰਪੀਟ ਕਰਨਾ ਹੈ ਇਸਲਈ ਕਿਹਾ ਜਾਂਦਾ ਹੈ ਕਿ ਬਣਿਆ ਬਣਾਇਆ...। ਬਣਿਆ ਹੋਇਆ ਹੈ ਲੇਕਿਨ ਹੁਣ ਫਿਰ ਤੋਂ ਰਪੀਟ ਕਰ ' ਬਣਿਆ ਬਣਾਇਆ' ਜੋ ਕਹਾਵਤ ਹੈ ਉਸਨੂੰ ਪੂਰਾ ਕਰਨਾ ਹੈ।